੧ੴ ਸਤਿਗੁਰ ਪ੍ਰਸਾਦਿ ॥

ਟ੍ਰੈਕਟ ਨੰ: 122

# ਸਾਡੇ ਬੱਚੇ ਕਿਧਰ ਨੂੰ ?

MAT... LIBRARY
G.T.B. GURDWARA
106 E... ROAD
LE...
TEL: (

ਪ੍ਰਕਾਸ਼ਕ
ਗੁਰਮਤਿ ਪ੍ਰਚਾਰ ਸਭਾ
ਪਟਿਆਲਾ

| ਮਾਰਚ | ਸੰਮਤ ਖਾਲਸਾ | ਪਹਿਲੀ ਵਾਰ |
|---|---|---|
| 1998 | 299 | 30,000 |

ਆਪ ਪੜ੍ਹ ਕੇ ਹੋਰਨਾਂ ਨੂੰ ਵੀ ਪੜ੍ਹਾਓ ਜੀ ।

ਪੰਨਾ 18 ਤੋਂ ਅੱਗੇ

ਹਨ। ਇਸ ਤਰ੍ਹਾਂ ਇਹ ਇਕ ਛੋਟਾ ਜਿਹਾ ਟ੍ਰੈਕਟ ਕਈਆਂ ਦੇ ਹੱਥਾਂ ਤੋਂ ਲੰਘਦਾ ਲੰਘਦਾ ਕਿਥੋਂ ਦਾ ਕਿਥੇ ਜਾ ਪੁੱਜਿਆ ਅਤੇ ਪੁੱਜ ਰਿਹਾ ਹੈ।

ਇਸ ਤਰ੍ਹਾਂ ਇਹ ਪ੍ਰਚਾਰ ਦਾ ਘੇਰਾ ਵਧਦਾ ਜਾ ਰਿਹਾ ਹੈ। ਜਿਨ੍ਹਾਂ ਵੀਰਾਂ ਭੈਣਾਂ ਨੇ ਪ੍ਰਚਾਰ ਦੇ ਇਸ ਸੌਖੇ ਅਤੇ ਸਸਤੇ ਢੰਗ ਵਲ ਜੇ ਹਾਲਾਂ ਧਿਆਨ ਨਹੀਂ ਦਿੱਤਾ, ਉਨ੍ਹਾਂ ਪਾਸ ਵੀ ਬੇਨਤੀ ਹੈ ਕਿ ਉਹ ਥੋੜ੍ਹੀ ਜਿਹੀ ਵਿਚਾਰ ਕਰਨ ਅਤੇ ਕੌਮ ਦੀ ਅਤੇ ਕੌਮ ਦੇ ਬੱਚਿਆਂ ਵਿਚ ਆ ਚੁੱਕੀ ਧਾਰਮਿਕ ਗਿਰਾਵਟ ਵਲ ਧਿਆਨ ਕਰਨ ਅਤੇ ਆਪਣੇ ਕੌਮੀ ਜ਼ਰੂਰੀ ਫ਼ਰਜ਼ ਨੂੰ ਪਛਾਣਦਿਆਂ ਫਿਲਹਾਲ ਜੇ ਹੋਰ ਕੁਝ ਨਹੀਂ ਕਰ ਸਕਦੇ ਤਾਂ ਥੋਹੜੇ ਜਿਹੇ ਪੈਸਿਆਂ ਨਾਲ (ਗੁਰੂ ਦੇ ਫੰਡ ਵਿਚੋਂ ਹੀ ਸਹੀ) ਹਰ ਮਹੀਨੇ ਕੁਝ ਟ੍ਰੈਕਟ ੨੫ ਜਾਂ ੫੦-੧੦੦ ਮੰਗਵਾਕੇ ਜਿਥੇ ਆਪ ਪੜ੍ਹਨ, ਆਪਣੇ ਪਰਿਵਾਰ ਦੇ ਜੀਆਂ ਨੂੰ ਪੜਾਉਣ ਉਥੇ ਆਪਣੇ ਆਲੇ ਦੁਆਲੇ, ਗਲੀ ਗੁਆਂਢ ਅਤੇ ਸਾਕ ਸਨੇਹੀਆਂ ਤੱਕ ਪਹੁੰਚਾਉਣ ਦਾ ਉਪਰਲਾ ਕਰਨ।

ਇਸ ਤਰ੍ਹਾਂ ਕਰਨ ਨਾਲ ਵੀ ਕੌਮ ਦੀ ਬੜੀ ਵੱਡੀ ਸੇਵਾ ਹੋਏਗੀ।

* * *

ਨੋਟ : ਇਹ ਅਤੇ ਇਸ ਤਰ੍ਹਾਂ ਦੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਡਾਕ ਰਾਹੀਂ ਮੰਗਵਾਉਣ ਲਈ ਭਾ: ਸੁਖਬੀਰ ਸਿੰਘ ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗੁਰਬਖਸ਼ ਕਾਲੋਨੀ, ਗਲੀ ਨੰ: 8, ਪਟਿਆਲਾ ਨੂੰ ਮਨੀਆਰਡਰ ਜਾਂ ਬੈਂਕ ਡਰਾਫ਼ਟ ਭੇਜ ਕੇ ਮੰਗਵਾ ਸਕਦੇ ਹਨ। ਦਸਤੀ ਆਕੇ ਵੀ ਲੈ ਸਕਦੇ ਹੋ। ਸ: ਚਰਨ ਸਿੰਘ ਐਂਡ ਸੰਨਜ਼ ਕਪੜੇ ਵਾਲੇ, ਸ਼ੇਰੇ ਪੰਜਾਬ ਮਾਰਕੀਟ ਪਟਿਆਲਾ ਤੋਂ ਵੀ ਦਸਤੀ ਆ ਕੇ ਲੈ ਸਕਦੇ ਹਨ।

ਪ੍ਰਾਰਥਕ

Designed by :
A.S. COMPUTER GRAPHICS, Ph.: 0175-307348

# ਸਾਡੇ ਬੱਚੇ - ਕਿਧਰ ਨੂੰ ?

ਸਾਰੇ ਮੰਨਦੇ ਹਨ ਕਿ ਅੱਜ ਦੇ ਬੱਚੇ ਕਲ੍ਹ ਦੇ ਬਾਪ ਹੋਣਗੇ ਅਤੇ ਉਨ੍ਹਾਂ ਦੇ ਸਿਰ ਕੌਮ ਅਤੇ ਦੇਸ਼ ਦੀ ਬੜੀ ਵੱਡੀ ਜ਼ਿੰਮੇਵਾਰੀ ਪੈਣੀ ਹੈ। ਇਸ ਲਈ ਅੱਜ ਉਨ੍ਹਾਂ ਨੂੰ ਚੰਗੀ ਤੋਂ ਚੰਗੀ ਵਿਦਿਆ ਦੇਣ ਦੇ ਉਪਰਾਲੇ ਹੋ ਰਹੇ ਹਨ। ਕੁਝ ਇਸੇ ਪ੍ਰਭਾਵ ਹੇਠ ਹੀ ਥਾਂ-ਥਾਂ ਅੰਗ੍ਰੇਜ਼ੀ ਮੀਡੀਅਮ ਵਾਲੇ ਪਬਲਿਕ ਸਕੂਲ ਖੋਲ੍ਹੇ ਗਏ ਹਨ ਤੇ ਹੋਰ ਖੁਲ੍ਹ ਰਹੇ ਹਨ।

ਪਿਛਲੀ ਸਦੀ ਦੇ ਅੱਧ ਮਗਰੋਂ ਇੱਥੇ ਜਦ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜ ਦੇ ਪ੍ਰਚਾਰ ਦੇ ਪ੍ਰਭਾਵ ਹੇਠ ਪੰਜਾਬ ਵਿਚ ਸਿੱਖ ਵਿਦਿਆਰਥੀ ਧਾਰਮਿਕ ਪੱਖੋਂ ਕਮਜ਼ੋਰ ਹੋਣ ਕਾਰਨ ਪਤਿਤ ਹੋਣੇ ਸ਼ੁਰੂ ਹੋਣ ਲੱਗੇ ਤਾਂ ੧੮੭੩ ਵਿਚ ਸਿੰਘ ਸਭਾ ਲਹਿਰ ਨੇ ਜਨਮ ਲਿਆ। ਕੌਮੀ ਦਰਦ ਰੱਖਣ ਵਾਲਿਆਂ ਦੀ ਸਖਤ ਘਾਲਣਾ ਸਦਕਾ ਥਾਂ-ਥਾਂ ਸਿੰਘ-ਸਭਾਵਾਂ ਅਤੇ ਖਾਲਸਾ ਕਾਲਜ-ਸਕੂਲ ਖੁਲਣੇ ਸ਼ੁਰੂ ਹੋਏ ਜਿਸ ਦਾ ਸਦਕਾ ਪਤਿਤਪੁਣੇ ਨੂੰ ਠੱਲ ਪਈ।

ਇਨ੍ਹਾਂ ਖਾਲਸਾ ਸਕੂਲਾਂ-ਕਾਲਜਾਂ ਨੇ ਉੱਤਮ ਸਿੱਖੀ ਗੁਣਾਂ ਵਾਲੇ ਬੇਅੰਤ ਬੱਚੇ-ਬਚੀਆਂ ਤਿਆਰ ਕੀਤੇ ਪਰ ਅੱਜ ਸਵਾ ਸੌ ਸਾਲ ਮਗਰੋਂ ਜੋ ਸਾਡੇ ਖਾਲਸਾ ਸਕੂਲਾਂ-ਕਾਲਜਾਂ ਦੀ ਹਾਲਤ ਹੈ ਉਹ ਭਾਵੇਂ ਕਿਸੇ ਤੋਂ ਲੁਕੀ ਛਿਪੀ ਨਹੀਂ ਪਰ ਕੁਝ ਅੱਖੀਂ ਵੇਖੀਆਂ ਤੇ ਹੱਡੀਂ ਵਾਪਰੀਆਂ ਘਟਨਾਵਾਂ ਨੂੰ ਪੜ੍ਹ ਕੇ ਪਾਠਕ ਅੰਦਾਜ਼ਾ ਲਾ ਸਕਣਗੇ ਕਿ ਸਾਡੇ ਬੱਚੇ ਕਿਧਰ ਨੂੰ ਜਾ ਰਹੇ ਹਨ ?

ਕੁਝ ਸਾਲ ਹੋਏ ਇਕ ਸੇਵਕ (ਟੀਚਰ) ਨੂੰ ਆਪਣੀ ਸਰਕਾਰੀ ਨੌਕਰੀ ਤੋਂ ਰੀਟਾਇਰ ਹੋ ਕੇ ਸੇਵਾ ਭਾਵ ਨਾਲ 'ਪੰਜਾਬ ਦੇ ਇਕ ਵੱਡੇ ਸ਼ਹਿਰ ਦੇ ਖਾਲਸਾ ਸੀ: ਸੈ: ਸਕੂਲ ਦੇ ਵਿਦਿਆਰਥੀਆਂ ਨੂੰ ਧਾਰਮਿਕ ਪੜ੍ਹਾਉਣ ਦਾ ਅਵਸਰ ਮਿਲਿਆ। ਇਨ੍ਹਾਂ ਦੀ ਅੱਜ ਦੀ ਦਸ਼ਾ ਦੇਖ ਕੇ ਜੋ ਦੁੱਖ ਭਰੀ ਹੈਰਾਨੀ ਹੋਈ, ਉਸ ਨੂੰ ਪਾਠਕਾਂ ਨਾਲ ਇਸ ਲਈ ਸਾਂਝੀ ਕਰਨ ਦੀ ਗੁਸਤਾਖੀ ਕੀਤੀ ਜਾ ਰਹੀ ਹੈ ਤਾਂ ਜੋ ਹੋ ਸਕਦਾ ਹੈ, ਕਿ ਕੋਈ ਗੁਰੂ ਪਿਆਰਾ, ਕੋਈ ਧਾਰਮਿਕ ਸਭਾ ਸੁਸਾਇਟੀ ਜਾਂ ਖਾਲਸਾ ਸਕੂਲ ਦੀ ਪ੍ਰਬੰਧਕ ਕਮੇਟੀ ਇਸ ਵਲ ਯੋਗ ਧਿਆਨ ਦੇ ਸਕੇ।

੧. ਅੱਠਵੀਂ ਕਲਾਸ ਦੇ ਦੋ ਸ਼ੈਕਸ਼ਨਾਂ ਦੇ ੮੦ ਸਿੱਖ ਵਿਦਿਆਰਥੀਆਂ ਵਿਚੋਂ ਕੇਵਲ ਇਕ ਹੀ ਦਸਤਾਰ ਸਜਾਉਂਦਾ ਹੈ। ਬਾਕੀ ਸਭ ਪੱਟਕੇ ਜਾਂ ਕੇਸਾਂ ਦੇ ਜੂੜੇ ਉਤੇ ਛੋਟੇ ਰੁਮਾਲ ਬੰਨ੍ਹਦੇ ਹਨ।

੨. ਕੇਵਲ ਇਕ ਵਿਦਿਆਰਥੀ ਦੇ ਕੇਸਾਂ ਵਿਚ ਕੰਘਾ ਹੈ ਅਤੇ ਉਹ ਵੀ ਪਲਾਸਟਿਕ ਦਾ। ਕੜਾ ਅੱਧੇ ਬੱਚਿਆਂ ਨੇ ਨਹੀਂ ਪਾਇਆ ਹੋਇਆ। ਕਛਹਿਰੇ ਦੀ ਗੱਲ ਹੀ ਕੀ ਕਰਨੀ ਹੈ।

ਜਦ ਨਿਤਨੇਮ ਦੀਆਂ ਬਾਣੀਆਂ ਵਿਚੋਂ ਕਿਸੇ ਬਾਣੀ ਦੇ ਪਾਠ ਕਰਨ ਬਾਰੇ ਪੁਛਿਆਂ ਗਿਆ ਤਾਂ ਕੇਵਲ ਇਕ ਵਿਦਿਆਰਥੀ ਜਪੁਜੀ ਸਾਹਿਬ ਰੁਕ ਰੁਕ ਕੇ ਸੁਣਾ ਸਕਿਆ। ਦੋ ਹੋਰ ਵਿਦਿਆਰਥੀਆਂ ਵਿਚੋਂ ਇਕ ਨੂੰ ਦੋ ਅਤੇ ਦੂਜੇ ਨੂੰ ਤਿੰਨ ਪਉੜੀਆਂ ਜਪੁਜੀ ਸਾਹਿਬ ਦੀਆਂ ਆਉਂਦੀਆਂ ਸਨ। ਬਾਕੀ ਕਿਸੇ ਨੂੰ ਪਾਠ ਕਰਨ ਦਾ ਕੋਈ ਸੁਭਾਅ

ਨਹੀਂ ਸੀ। ਇਹ ਹੈ ਪੰਜਾਬ ਦੇ ਇਕ ਵੱਡੇ ਸ਼ਹਿਰ ਦੇ ਖਾਲਸਾ ਸ: ਸਕੂਲ ਦੇ ਸਿੱਖ ਵਿਦਿਆਰਥੀਆਂ ਦੀ ਹਾਲਤ, ਜਿੰਨਾ ਨੇ ਵੱਡੇ ਹੋ ਕੇ ਕੌਮ ਕੀ ਵਾਗਡੋਰ ਸੰਭਾਲਨੀ ਹੈ ਜਾਂ ਉਸ ਵਿਚ ਹਿੱਸਾ ਪਾਉਣਾ ਹੈ।

(II)

ਕੁਝ ਸਾਲ ਪਹਿਲਾਂ ਇਕ ਹੋਰ ਜ਼ਿਲ੍ਹੇ ਦੇ ਸਾਰੇ ਖਾਲਸਾ ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਵਿਚ ਸ਼ਬਦ-ਗਾਇਣ ਅਤੇ ਧਾਰਮਿਕ ਸਪੀਚਾਂ ਕਰਨ ਦੇ ਮੁਕਾਬਲੇ ਵਿਚ ਇਨਾਮਾਂ ਦੀ ਚੋਣ ਕਰਨ ਵਾਲੀ ਟੋਲੀ ਵਿਚ ਇਸ ਲੇਖਕ ਨੂੰ ਵੀ ਲਿਆ ਗਿਆ।

ਚੋਣ ਉਪ੍ਰੰਤ ਪ੍ਰਬੰਧਕਾਂ ਨੂੰ ਇਹਨਾਂ ਇਕੱਠੇ ਹੋਏ ਵਿਦਿਆਰਥੀਆਂ ਦਾ ਕੋਈ ਧਾਰਮਿਕ ਪ੍ਰੈਕਟੀਕਲ ਟੈਸਟ ਲੈ ਕੇ, ਯੋਗ ਉਤਸ਼ਾਹ ਦੇਣ ਲਈ ਕਿਹਾ ਗਿਆ। ਪਰ ਗੱਲ ਸਿਰੇ ਨਾ ਚੜ੍ਹਦੀ ਵੇਖਕੇ, ਲੇਖਕ ਵਲੋਂ ਜ਼ੋਰ ਦੇਣ ਉਤੇ ਇਹ ਫੈਸਲਾ ਹੋਇਆ ਕਿ ਹਰ ਉਸ ਵਿਦਿਆਰਥੀ ਨੂੰ ਕੁਝ ਨਕਦ ਇਨਾਮ ਇਸ ਲੇਖਕ ਵਲੋਂ ਦਿੱਤਾ ਜਾਏਗਾ, ਜਿਸ ਦੇ ਕੇਸਾਂ ਵਿਚ ਕੰਘਾ ਹੋਏਗਾ।

ਜ਼ਿਲ੍ਹੇ ਭਰ ਦੇ ਵੱਖ-ਵੱਖ ਖਾਲਸਾ ਸਕੂਲਾਂ ਤੋਂ ਇਕੱਠੇ ਹੋਏ ਲਗਭਗ ੧੦੦ ਸਿੱਖ ਵਿਦਿਆਰਥੀਆਂ ਵਿਚੋਂ ਕੇਵਲ ੪ ਦੇ ਕੇਸਾਂ ਵਿਚ ਕੰਘਾ ਅਤੇ ਅਧਿਆਂ ਦੀਆਂ ਬਾਹਵਾਂ ਕੜੇ ਤੋਂ ਬਗੈਰ ਵੇਖ, ਸਾਰੇ ਹਾਜ਼ਰ ਸਜਨ ਆਪਣੀ ਇਸ ਨਵੀਂ ਪੀੜ੍ਹੀ ਦੀ, ਆਪਣੇ ਧਾਰਮਿਕ ਚਿੰਨ੍ਹਾਂ (ਕਕਾਰਾਂ) ਦੇ ਧਾਰਨ ਵਿਚ ਇਤਨੀ ਅਣਗਹਿਲੀ ਵੇਖ ਕੇ ਹੈਰਾਨ

ਹੀ ਹੋ ਗਏ।

ਕਈ ਕਹਿਣ ਲੱਗੇ ਕਿ ਇਹ ਖਾਲਸਾ ਸਕੂਲਾਂ ਦੇ ਸਿੱਖ ਵਿਦਿਆਰਥੀ, ਸਿੱਖ ਮਾਪਿਆਂ ਦੇ ਬੱਚੇ-ਬਚੀਆਂ ਅਤੇ ਇਨ੍ਹਾਂ ਨੂੰ ਪੜ੍ਹਾਉਣ ਵਾਲੇ ਵੀ ਸਾਰੇ ਸਿੱਖ ਅਧਿਆਪਕਾਂ ਦੇ ਹੁੰਦਿਆਂ ਵੀ ਜੇ ਇਹ ਸਾਡੇ ਸਿੱਖ ਬੱਚੇ ਪੰਜ ਕਕਾਰਾਂ ਦੀ ਮਹਾਨਤਾ ਨੂੰ ਨਹੀਂ ਸਮਝ ਸਕੇ ਅਤੇ ਨਾਂਹੀ ਇਹ ਇਨ੍ਹਾਂ ਮੁੱਢਲੀ ਅੱਠ ਦਸ ਸਾਲਾਂ ਦੀ ਪੜ੍ਹਾਈ ਵਿਚ ਇਨ੍ਹਾਂ ਨੂੰ ਧਾਰਨ ਕਰਨ ਦੀ ਆਦਤ ਬਣਾ ਸਕੇ ਤਾਂ ਦੱਸੋ ਉਨ੍ਹਾਂ ਸਿੱਖ ਬਚੇ-ਬੱਚੀਆਂ ਦਾ ਕੀ ਹਾਲ ਹੋਏਗਾ ਜੋ ਸਰਕਾਰੀ ਸਕੂਲਾਂ ਜਾਂ ਅਨਮਤੀ ਸਕੂਲਾਂ ਵਿਚ ਪੜ੍ਹਦੇ ਹਨ ?

ਸਾਡੇ ਵੱਡੇ-ਵਡੇਰਿਆਂ ਨੇ ਲੱਖਾਂ ਕਰੋੜਾਂ ਰੁਪਏ ਖਰਚ ਕੇ ਅਨੇਕ ਕਠਨਾਈਆਂ ਅਤੇ ਯਤਨਾਂ ਨਾਲ ਥਾਂ-ਥਾਂ ਖਾਲਸਾ ਸਕੂਲ-ਕਾਲਜ ਇਸ ਲਈ ਖੋਲ੍ਹੇ ਸਨ ਤਾਂ ਜੁ ਸਾਡੇ ਬੱਚਿਆਂ ਨੂੰ ਇਨ੍ਹਾਂ ਰਾਹੀਂ ਦੁਨਿਆਵੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਵੀ ਮਿਲੇ।

ਪਰ ਅੱਜ ਅਸੀਂ ਮਾਪੇ, ਸਾਡੇ ਇਨ੍ਹਾਂ ਖਾਲਸਾ ਸਕੂਲਾਂ ਦੇ ਪ੍ਰਬੰਧਕ ਅਤੇ ਅਧਿਆਪਕ ਆਪਣੀ ਪਨੀਰੀ ਨੂੰ ਜੇ ਦਸਤਾਰ ਸਜਾਉਣ ਦੀ ਵੀ ਆਦਤ ਨ ਪਾ ਸਕੇ, ਮਾਮੂਲੀ ਜਿਹੀ ਗੱਲ, ਕਕਾਰ ਵੀ ਧਾਰਨ ਨ ਕਰਾ ਸਕੇ ਤਾਂ ਕੀ ਅਸੀਂ ਆਸ ਕਰ ਸਕਦੇ ਹਾਂ ਕਿ ਇਹ ਬੱਚੇ ਗੁਰਬਾਣੀ ਦਾ ਪਾਠ ਅਤੇ ਸਿੱਖੀ ਜੀਵਨ ਜਾਚ ਦੇ ਹੋਰ ਮੁਢਲੇ ਅਸੂਲ ਇਹਨਾਂ ਖਾਲਸਾ ਸਕੂਲਾਂ ਵਿਚੋਂ ਕਦੀ ਸਿੱਖ ਸਕਣਗੇ ?

ਦਸਵੀਂ ਯਾਰਵੀਂ ਤਕ ਦੀ ਵਿਦਿਆ ਖਾਲਸਾ ਸਕੂਲਾਂ ਤੋਂ ਪ੍ਰਾਪਤ ਕਰਨ ਤੇ ਵੀ ਜੇ ਸਾਡੇ ਬੱਚੇ ਬੱਚੀਆਂ ਵਿਚ ਆਪਣੇ ਮੁਢਲੇ ਜ਼ਰੂਰੀ ਧਾਰਮਿਕ ਚਿੰਨ੍ਹਾਂ (ਕਕਾਰਾਂ) ਪ੍ਰਤੀ ਸ਼ਰਧਾ ਪਿਆਰ ਪੈਦਾ ਹੀ ਨਹੀਂ ਹੋ ਸਕਿਆ ਅਤੇ ਉਨ੍ਹਾਂ ਦੇ ਦਿਲ ਵਿਚ ਆਪਣੇ ਗੁਰੂ ਸਾਹਿਬ ਦੀਆਂ ਇਨ੍ਹਾਂ ਦਾਤਾਂ ਪ੍ਰਤੀ ਸ਼ਰਧਾ-ਪਿਆਰ ਤੇ ਸਤਿਕਾਰ ਕਦ ਉਪਜੇ ਗਾ, ਕੌਣ ਉਪਜਾਏਗਾ ਅਤੇ ਇਹ ਕਦ ਇਨ੍ਹਾਂ ਦੇ ਧਾਰਨੀ ਹੋਣਗੇ ?

ਸਿੱਖ ਧਰਮ ਨਾਲ ਪਿਆਰ ਕਰਨ ਵਾਲੇ, ਧਰਮ ਪ੍ਰਚਾਰ ਦੀ ਰੁਚੀ ਰੱਖਣ ਵਾਲੇ ਨਿਰਪੱਖ ਹੋ ਕੇ ਵੇਖ ਲੈਣ, ਸਾਰੇ ਖਾਲਸਾ ਸਕੂਲ ਭਾਵੇਂ ਇਸ ਤਰ੍ਹਾਂ ਨਹੀਂ ਹੋਣਗੇ, ਇਕ ਦੋ ਨੂੰ ਛੱਡ ਕੇ ਬਾਕੀ ਜ਼ਰੂਰ ਇਸ ਤਰ੍ਹਾਂ ਦੇ ਹੀ ਹਨ।

ਇਹੀ ਹਾਲ ਸਾਡੇ ਖਾਲਸਾ ਸਕੂਲਾਂ ਦੀਆਂ ਸਿੱਖ ਬੱਚੀਆਂ ਦਾ ਵੀ ਹੈ।

ਗੁਰੂ ਕਾ ਸਿੰਘ ਸਿਰ ਉਪਰ ਕੇਸਾਂ ਦੇ ਜੂੜੇ ਉਤੇ ਦਸਤਾਰ ਅਤੇ ਮੂੰਹ ਉਤੇ ਦਾੜ੍ਹੀ ਤੋਂ ਦੂਰੋਂ ਹੀ ਪਛਾਣਿਆ ਜਾਂਦਾ ਹੈ। ਉਸ ਕੋਲੋਂ ਕਿਸੇ ਨੂੰ ਪੁਛਣ ਦੀ ਲੋੜ ਹੀ ਨਹੀਂ ਪੈਂਦੀ ਕਿ ਉਹ ਕੌਣ ਹੈ ਅਤੇ ਕਿਸ ਧਰਮ ਦਾ ਧਾਰਨੀ ਹੈ।

ਪਰ ਸਾਡੇ ਅਜ ਦੇ ਪਹਿਰਾਵੇ ਵਾਲੀਆਂ ਸਿੱਖ ਬੀਬੀਆਂ ਨੂੰ ਦੇਖ ਕੇ ਕੋਈ ਕਿਸ ਤਰ੍ਹਾਂ ਪਛਾਣੇ ਕਿ ਇਹ ਬੀਬੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬੱਚੀ ਹੈ, ਸਿੰਘਣੀ ਹੈ ?

ਸਾਡੀ ਬਦਕਿਸਮਤੀ ਹੈ ਕਿ ਅਸੀਂ ਆਪਣਾ ਕੌਮੀ ਪਹਿਰਾਵਾ ਛੱਡ ਕੇ ਦੂਜਿਆਂ ਦੀ ਨਕਲ ਕਰਨ ਲੱਗ ਪਏ ਹਾਂ। ਜਦ ਸਾਡੀਆਂ ਸਿੱਖ ਬੀਬੀਆਂ ਜਿਨ੍ਹਾਂ ਵਿਚ ਸਿੱਖ ਅਧਿਆਪਕਾਵਾਂ ਵੀ ਸ਼ਾਮਲ ਹਨ, ਆਪਣੇ ਕੌਮੀ ਪਹਿਰਾਵੇ ਨੂੰ ਛੱਡ ਕੇ ਦੂਜਿਆਂ ਦੀ ਨਕਲ ਕਰਦੀਆਂ, ਸਾੜ੍ਹੀਆਂ ਪਹਿਣ ਕੇ ਅਧੇ-ਨੰਗੇ-ਸਰੀਰ ਅਤੇ ਨੰਗੇ-ਸਿਰ ਪਵਿਤ੍ਰ ਕੇਸਾਂ ਦੀ ਪ੍ਰਦਰਸ਼ਨੀ ਕਰਦੇ ਹੋਏ ਬਾਜ਼ਾਰਾਂ ਵਿਚ ਅਤੇ ਹੋਰ ਸਮਾਜਕ ਜੋੜ ਮੇਲਿਆਂ ਵਿਚ ਘੁੰਮਣ-ਫਿਰਨ ਤੋਂ ਇਲਾਵਾ ਗੁਰਦੁਆਰਿਆਂ ਵਿਚ ਜਾਣ ਤੋਂ ਵੀ ਸੰਕੋਚ ਨਹੀਂ ਕਰਦੀਆਂ ਤਾਂ ਅੱਗੋਂ ਉਨ੍ਹਾਂ ਦੀਆਂ ਬੱਚੀਆਂ ਨੂੰ ਸਿੱਖੀ ਪਹਿਰਾਵੇ ਦੀ ਮਹੱਤਤਾ ਕੌਣ ਅਤੇ ਕਦੋਂ ਦੱਸੇਗਾ ?

ਉਨ੍ਹਾਂ ਨੂੰ ਕੌਣ ਸਮਝਾਏਗਾ ਕਿ ਕੇਸ ਗੁਰੂ ਕੀ ਮੋਹਰ ਹਨ ? ਇਸ ਦੀ ਸੇਵਾ-ਸੰਭਾਲ ਕਰਨਾ ਜਿਤਨਾ ਸਿੱਖਾਂ ਲਈ ਜ਼ਰੂਰੀ ਹੈ ਉਤਨਾ ਹੀ ਸਿੱਖ ਬੀਬੀਆਂ ਲਈ ਵੀ ਜ਼ਰੂਰੀ ਹੈ ਕਿ ਉਹ ਨੰਗੇ ਕੇਸੀਂ ਬਿਲਕੁਲ ਨ ਫਿਰਨ।

ਸਿੱਖ-ਜੀਵਨ-ਜਾਚ ਸਿਖਾਉਣ ਲਈ ਬਣਾਏ ਗਏ ਖਾਲਸਾ ਸਕੂਲਾਂ ਦੀਆਂ ਵਿਦਿਆਰਥਣਾਂ ਦੀਆਂ ਮਾਵਾਂ-ਭੈਣਾਂ ਅਤੇ ਅਧਿਆਪਕਾਵਾਂ ਜਦ ਆਪ ਸਾੜੀ ਵਾਲੇ ਅੱਧ-ਨੰਗੇ-ਸਰੀਰਾਂ ਅਤੇ ਬਿੰਦੀ ਸੁਰਖੀ ਨਾਲ ਸ਼ਿੰਗਾਰੇ ਰੂਪਾਂ ਦੀ ਨੁਮਾਇਸ਼ ਜਿਥੇ ਸਕੂਲਾਂ ਵਿਚ ਜਾਂ ਇਕ ਦੂਜੇ ਦੇ ਘਰਾਂ ਵਿਚ ਆਉਂਦਿਆਂ ਜਾਂਦਿਆਂ ਕਰਦੀਆਂ ਫਿਰਦੀਆਂ ਹਨ, ਉਥੇ ਸਮਾਜਕ ਜੋੜ-ਮੇਲਿਆਂ ਅਤੇ ਬਾਜ਼ਾਰਾਂ ਦੀਆਂ ਭੀੜਾਂ ਵਿਚ, ਪਰ ਪੁਰਖਾਂ ਨਾਲ

ਖਹਿ ਲੰਘਦੀਆਂ ਗੁਰਸਿੱਖੀ ਦੇ ਪਾਵਨ ਅਸੂਲਾਂ ਨੂੰ ਜਦ ਆਪ ਹੀ ਘਾਤ ਕਰਦੀਆਂ ਹਨ ਜਾਂ ਉਹਨਾਂ ਦੇ ਸਰਦਾਰ ਇਸ ਤਰ੍ਹਾਂ ਦੇ ਪਹਿਰਾਵੇ ਅਤੇ ਹਾਰ ਸ਼ਿੰਗਾਰ ਕਰਨ ਲਈ ਉਨ੍ਹਾਂ ਨੂੰ ਮਜ਼ਬੂਰ ਕਰਦੇ ਹਨ ਤਾਂ ਦੱਸੋ ਕਿ ਕੀ ਇਹ ਆਪਣੇ ਸਿੱਖੀ ਪਹਿਰਾਵੇ, ਸਿੱਖੀ ਰਹੁ-ਰੀਤ ਤੋਂ ਮੁਨਕਰ ਹੋਣ ਦੇ ਬਰਾਬਰ ਨਹੀਂ ?

ਕੀ ਇਸ ਤਰ੍ਹਾਂ ਆਪਣੀ ਕੌਮ ਨਾਲ ਸਿੱਧੀ ਗੱਦਾਰੀ ਨਹੀਂ ?

ਇਸ ਤਰ੍ਹਾਂ ਦਾ ਪਹਿਰਾਵਾ ਜਾਂ ਅਨਮਤੀ ਹਾਰ ਸ਼ਿੰਗਾਰ ਕਰਨ ਵਾਲੀਆਂ ਸਿੱਖ ਬੀਬੀਆਂ ਜਾਂ ਉਹਨਾਂ ਦੇ ਸਰਦਾਰ, ਜਿਨ੍ਹਾਂ ਦੀ ਦੇਖ-ਰੇਖ ਵਿਚ ਉਹ ਰਹਿੰਦੀਆਂ ਹਨ, ਨੇ ਕਦੀ ਸੋਚਿਆ ਹੈ ਕਿ ਇਸ ਤਰ੍ਹਾਂ ਦੇ ਪਹਿਰਾਵੇ ਅਤੇ ਸ਼ਿੰਗਾਰ ਨਾਲ ਉਹਨਾਂ ਦੇ ਬੱਚਿਆਂ ਉਤੇ ਕੀ ਅਸਰ ਪੈਂਦਾ ਹੈ ? ਅਤੇ ਅੱਗੋਂ ਉਹ ਕਿੰਨੇ ਕੁ ਚੰਗੇ ਸਿੱਖ ਹੋ ਸਕਣਗੇ ? ਜਾਂ ਉਨ੍ਹਾਂ ਦੀਆਂ ਅੱਜ ਦੀਆਂ ਬੱਚੀਆਂ ਜਿਨਾਂ ਅਗੋਂ ਮਾਵਾਂ ਬਣਨਾ ਹੋਏਗਾ, ਉਨ੍ਹਾਂ ਅੰਦਰ ਸਿੱਖੀ ਪਿਆਰ ਕਦੋਂ ਤੇ ਕਿਸ ਤਰ੍ਹਾਂ ਪੈਦਾ ਹੋਏਗਾ ?

ਕੌਮੀ ਮਹਿਲ ਦੀਆਂ ਬੁਨਿਆਦੀ ਇੱਟਾਂ ਮਾਵਾਂ ਨੇ ਹੀ ਲਾਉਣੀਆਂ ਹੁੰਦੀਆਂ ਹਨ। ਜਿਸ ਮਹਿਲ ਦੀ ਨੀਂਹ ਪੱਕੀ ਨਹੀਂ ਹੋਵੇਗੀ ਉਸ ਦੀ ਬੁਨਿਆਦ ਵੀ ਲੰਮੀ ਨਹੀਂ ਹੋ ਸਕਦੀ।

ਇਸ ਲਈ ਗੁਰਸਿੱਖ ਮਾਤਾਵਾਂ ਭੈਣਾਂ ਅਤੇ ਖਾਸ ਕਰਕੇ ਖਾਲਸਾ ਸਕੂਲਾਂ ਦੀਆਂ ਅਧਿਆਪਕਾਵਾਂ ਅਤੇ ਉਨ੍ਹਾਂ ਦੇ ਪ੍ਰਬੰਧਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ, ਗੁਰਸਿੱਖੀ ਦਾ ਵਾਸਤਾ ਹੈ ਕਿ ਗੁਰੂ ਪਾਤਸ਼ਾਹ ਦੀ

ਲਾਈ ਹੋਈ ਗੁਰਸਿੱਖ ਵਾੜੀ, ਜਿਸ ਦੀਆਂ ਨੀਹਾਂ ਵਿਚ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਗੁਜਰੀ ਜੀ, ਚੋਹਾਂ ਸਾਹਿਬਜ਼ਾਦਿਆਂ, ਪੰਜਾਂ ਪਿਆਰਿਆਂ ਅਤੇ ਲੱਖਾਂ ਗੁਰੂ ਪਿਆਰੇ ਸਿੰਘ-ਸਿੰਘਣੀਆਂ, ਜਿਨ੍ਹਾਂ ਦੀ ਲਹੂ ਅਤੇ ਮਿਝ ਨੇ ਖਾਦ ਬਣ ਕੇ ਇਸ ਗੁਰਸਿੱਖ ਫੁਲਵਾੜੀ ਨੂੰ ਪ੍ਰਫੁਲੱਤ ਕੀਤਾ ਸੀ ਅਤੇ ਉਸ ਦੀ ਸੇਵਾ ਸੰਭਾਲ ਖਾਤਰ ਸਾਡੀਆਂ ਅਨੇਕ ਮਾਤਾਵਾਂ-ਭੈਣਾਂ ਨੇ ਆਪਣੇ ਛੋਟੇ-ਛੋਟੇ ਦੁੱਧ ਚੁੰਘਦੇ ਨਿਆਣੇ ਬੱਚਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਟੋਟੇ-ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆ ਲਿਆ ਸੀ ਪਰ ਇਸ ਗੁਰਸਿੱਖ ਫੁਲਵਾੜੀ ਨੂੰ ਆਂਚ ਨਹੀਂ ਸੀ ਲਗਣ ਦਿੱਤੀ।

ਕਿਤਨੇ ਅਫਸੋਸ ਅਤੇ ਦੁੱਖ ਦੀ ਗੱਲ ਹੋਵੇਗੀ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਇਹ ਫੁਲਵਾੜੀ, ਅੱਜ ਸਾੜੀ, ਸੁਰਖੀ ਬਿੰਦੀ ਅਤੇ ਹੋਰ ਕਾਮ ਚੇਸ਼ਟਾ ਉਪਜਾਊ ਹਾਰ ਸ਼ਿੰਗਾਰ ਦੇ ਮੁਲੋਂ ਵਿਕ ਜਾਏ?

"ਭੁਲ੍ਹੇ ਬੇਰਾਂ ਦਾ ਹਾਲਾਂ ਵੀ ਕੁਝ ਨਹੀਂ ਗਿਆ" ਦੇ ਕਥਨ ਅਨੁਸਾਰ ਹੁਣ ਵੀ ਜੇ ਅਸੀਂ ਆਪਣੇ ਅਸਲੇ ਦੀ ਪਹਿਚਾਣ ਕਰ ਲਈਏ, ਆਪਣੀ ਬਜ਼ੁਰਗ ਮਾਤਾ ਭਾਗ ਕੌਰ (ਭਾਗੋ) ਵਰਗੀਆਂ ਸਿੱਖ ਬੀਬੀਆਂ ਦੇ ਪਾਏ ਹੋਏ ਪੂਰਨਿਆਂ ਤੇ ਤੁਰਨ ਲੱਗ ਜਾਈਏ ਤਾਂ ਸਮਝੋ :-

*"ਅਜਹੂ ਸਮਝਿ ਕਛੁ ਬਿਗਰਿਓ ਨਾਹਿਨ"*

## (III)

ਕੁਝ ਸਾਲ ਹੋਏ, ਉਦੋਂ ਗੁਰਮਤਿ ਪ੍ਰਚਾਰ ਸਭਾ ਰੋਪੜ ਦੇ ਸੇਵਕ,

ਕੁਝ ਨਿਸ਼ਕਾਮ ਸੇਵਾ ਭਾਵਨਾ ਵਾਲੇ ਗੁਰਸਿੱਖ ਵੀਰਾਂ-ਭੈਣਾਂ ਨਾਲ ਹਰ ਮਹੀਨੇ ੨-੩ ਵਾਰ ਵੱਖ-ਵੱਖ ਪਿੰਡਾਂ ਵਿਚ ਧਰਮ ਪ੍ਰਚਾਰ ਲਈ ਜਾਇਆ ਕਰਦੇ ਸਨ। ਓਦੋਂ ਇਕ ਵਾਰ ਸੇਵਕਾਂ ਨੂੰ ਰੋਪੜ ਚੰਡੀਗੜ੍ਹ ਮੇਨ ਰੋਡ ਤੋਂ ਇਕ ਫਰਲਾਂਗ ਪੱਕੀ ਸੜਕ ਨਾਲ ਜੁੜੇ ਸਿੱਖਾਂ ਦੇ ਇਕ ਚੰਗੇ ਵਸਦੇ-ਰਸਦੇ ਪਿੰਡ ਵਿਚ ਸ਼ਾਮ ਦੇ ਦੀਵਾਨ ਕਰਨ ਲਈ ਜਾਣ ਦਾ ਅਵਸਰ ਬਣਿਆ।

ਪਿੰਡ ਦੇ ਦੋ ਚੰਗੇ ਪੜ੍ਹੇ ਲਿਖੇ ਸੱਜਨਾਂ ਨਾਲ ਪਹਿਲਾਂ ਹੀ ਦਿਨ ਤੇ ਸਮਾਂ ਨੀਅਤ ਕਰ ਲਿਆ ਗਿਆ ਸੀ। ਪ੍ਰੋਗਰਾਮ ਲਈ ਸੇਵਕ ਪਿੰਡ ਦੇ ਗੁਰਦੁਆਰੇ ਵਿਚ ਸਮੇਂ ਸਿਰ ਪੁੱਜ ਗਏ। ਥੋੜ੍ਹੀ ਇੰਤਜ਼ਾਰ ਮਗਰੋਂ ਵੀਰਾਂ-ਭੈਣਾਂ ਨੇ ਰਲ ਕੇ ਘੰਟਾ ਕੀਰਤਨ ਕੀਤਾ ਪਰ ਪਿੰਡ ਵਿਚੋਂ ਪੰਜ-ਸਤ ਆਦਮੀ ਤੇ ਜ਼ਨਾਨੀਆਂ ਹੀ ਆਈਆਂ ਜਦ ਕਿ ਦੋ ਦਿਨਾਂ ਤੋਂ ਪਹਿਲਾਂ ਰੋਜ਼ ਸ਼ਾਮ ਨੂੰ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰ ਉਤੇ ਇਸ ਉਚੇਚੇ ਰੱਖੇ ਪ੍ਰੋਗਰਾਮ ਦੀ ਜਾਣਕਾਰੀ ਪਿੰਡ ਵਾਸੀਆਂ ਨੂੰ ਦਿੱਤੀ ਜਾਂਦੀ ਰਹੀ ਸੀ। ਹਾਂ- ਦੀਵਾਨ ਵਿਚ ਛੋਟੇ ਵੱਡੇ ਬੱਚੇ-ਬੱਚੀਆਂ ਦੀ ਗਿਣਤੀ ਲਗਭਗ ੧੦੦ ਕੁ ਜ਼ਰੂਰੀ ਹੋ ਗਈ ਸੀ।

ਕੀਰਤਨ ਮਗਰੋਂ ਧਰਮ ਪ੍ਰਚਾਰ ਦੀ ਗੱਲ ਬੱਚਿਆਂ ਨਾਲ ਉਨ੍ਹਾਂ ਦੇ ਪੱਧਰ ਅਨੁਸਾਰ ਹੀ ਕਰਨੀ ਬਣਦੀ ਸੀ। ਗੱਲ ਸ਼ੁਰੂ ਕਰਨ ਤੋਂ ਪਹਿਲਾਂ ਬੱਚਿਆਂ ਦੀ ਧਾਰਮਿਕ ਪੱਧਰ ਨੂੰ ਜਾਣਨਾ ਚਾਹਿਆ ਤਾਂ ਦੇਖ ਸੁਣ ਕੇ ਸਾਰੇ ਸੇਵਾਦਾਰ ਹੈਰਾਨ ਹੀ ਹੋ ਗਏ ਕਿ ੧੦੦ ਸਿੱਖ ਬੱਚਿਆਂ

ਵਿਚੋਂ ਇਕ ਵੀ ਐਸਾ ਬੱਚਾ ਨਹੀਂ ਨਿਕਲਿਆ ਜੋ ਦਸ ਪਾਤਸ਼ਾਹੀਆਂ ਦੇ ਨਾਮ ਤਰਤੀਬਵਾਰ ਜਾਂ ਅਗੜ ਪਿਛੜ ਕਰ ਕੇ ਦੱਸ ਸਕੇ । ਹਾਲਾਂਕਿ ਉਨ੍ਹਾਂ ਵਿਚ ਨੌਵੀਂ ਅਤੇ ਦਸਵੀਂ ਜਮਾਤ ਦੇ ਕਾਫ਼ੀ ਬੱਚੇ ਸਨ ।

ਕੇਸ ਤਾਂ ਉਨ੍ਹਾਂ ਨੇ ਰੱਖੇ ਹੋਏ ਸਨ ਪਰ ਕੇਸਾਂ ਦੀ ਸੇਵਾ-ਸੰਭਾਲ ਲਈ ਕੰਘਾ ਕਿਸੇ ਦੇ ਸਿਰ ਵਿਚ ਨਹੀਂ ਸੀ । ਕੜਾ ਕਿਸੇ ਕਿਸੇ ਦੀ ਬਾਂਹ ਵਿਚ ਸੀ - ਕਛਹਿਰੇ ਬਾਰੇ ਤਾਂ ਉਹ ਕਹਿੰਦੇ ਸਨ, ਗਲ ਹੀ ਨ ਕਰੋ ।

ਜਦ ਮੂਲ ਮੰਤਰ ਜਾਂ ਜਪੁਜੀ ਸਾਹਿਬ ਦੀਆਂ ੨-੪ ਪੌੜੀਆਂ ਦਾ ਪਾਠ ਰੋਜ਼ ਕਰਨ ਬਾਰੇ ਜਾਂ ਕਿਸੇ ਨੂੰ ਕੋਈ ਬਾਣੀ ਜਾਂ ਕਿਸੇ ਬਾਣੀ ਦੀਆਂ ਕੁਝ ਪਉੜੀਆਂ ਜ਼ਬਾਨੀ ਕੰਠ ਹੋਣ ਬਾਰੇ ਪੁਛਿਆ ਗਿਆ ਤਾਂ ਕੋਈ ਹੁੰਗਾਰਾ ਨਾਂ ਮਿਲਿਆ । ਇਸ ਉਤੇ ਸਾਰੇ ਸੇਵਾਦਾਰ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ । ਗੁਰ ਇਤਿਹਾਸ ਜਾਂ ਸਿੱਖ ਇਤਿਹਾਸ ਨਾਲ ਸੰਬੰਧਤ ਕਿਸੀ ਸਾਖੀ ਬਾਰੇ ਪੁਛਣ ਦਾ ਅਗੋਂ ਹੌਸਲਾ ਹੀ ਨਾਂਹ ਪਿਆ ।... ਖ਼ੈਰ ...ਪ੍ਰੋਗਰਾਮ ਤਾਂ ਸੇਵਕ ਕਰ ਆਏ ਪਰ ਕਈ ਦਿਨ ਸੋਚਦੇ ਰਹੇ ਕਿ ਕੌਮ ਦੀ ਇਹ ਪਨੀਰੀ, ਇਹ ਬੱਚੇ ਜੋ ਕਲ ਵੱਡੇ ਹੋ ਕੇ ਕੌਮ ਦੀ ਵਾਗ ਡੋਰ ਸੰਭਾਲਣ ਯੋਗ ਹੋਣਗੇ ਤਾਂ ਸਿੱਖੀ ਬਾਰੇ ਜਾਂ ਸਿੱਖੀ ਅਸੂਲਾਂ ਬਾਰੇ ਕੀ ਕਰਨਗੇ ਅਤੇ ਅੱਗੋਂ ਕੀ ਕਰਾਉਣਗੇ ?

ਜਦ ਇਹ ਬੱਚੇ ਆਪਣੀ ਮੁੱਢਲੀ ਅੱਠ-ਦਸ ਸਾਲ ਦੀ ਪੜ੍ਹਾਈ ਵਿਚ ਆਪਣੇ ਗੁਰੂਆਂ ਦੇ ਨਾਂ ਤੱਕ ਨਹੀਂ ਯਾਦ ਕਰ ਸਕੇ, ਉਨ੍ਹਾਂ ਦੀਆਂ

ਮਹਾਨ ਕੁਰਬਾਨੀਆਂ ਅਤੇ ਕੌਮ ਨੂੰ, ਦੇਸ਼ ਨੂੰ ਜੋ ਦੇਣ ਉਨ੍ਹਾਂ ਨੇ ਦਿੱਤੀ, ਉਸ ਬਾਰੇ ਜਦ ਇਹ ਆਪ ਹੀ ਕੁਝ ਨਹੀਂ ਜਾਣ ਸਕੇ ਜਾਂ ਇਨ੍ਹਾਂ ਨੂੰ ਕਿਸੇ ਨਹੀਂ ਦੱਸਿਆ ਤਾਂ ਦੱਸੋ ਅੱਗੋਂ ਇਹ ਕੀ ਕਰਨਗੇ ਅਤੇ ਅਗਲੀ ਆਉਣ ਵਾਲੀ ਪੀੜ੍ਹੀ ਨੂੰ ਕੀ ਅਗਵਾਈ ਦੇਣ ਯੋਗ ਹੋਣਗੇ ?

ਇਹ ਕੇਵਲ ਇੱਕ ਪਿੰਡ ਦੇ ਸਿੱਖ ਬੱਚਿਆਂ ਦੀ ਗੱਲ ਨਹੀਂ, ਸਗੋਂ ਸਾਰੇ ਪਿੰਡਾਂ ਵਿਚ, ਥੋੜ੍ਹੇ ਬਹੁਤੇ ਫ਼ਰਕ ਨਾਲ ਬੱਚਿਆਂ ਦੀ ਧਾਰਮਿਕ ਪੱਧਰ ਕੁਝ ਇਸੇ ਤਰ੍ਹਾਂ ਹੀ ਹੈ।

ਬੜੀ ਦੇਰ ਸੋਚ ਵਿਚਾਰ ਮਗਰੋਂ ਗੁਰੂ ਪਾਤਸ਼ਾਹ ਨੇ ਸੇਵਕਾਂ ਨੂੰ ਕੁਝ ਸੂਝ ਬਖਸ਼ੀ, ਉਦਮ ਤੇ ਉਪਰਾਲਾ ਬਖਸ਼ਿਆ ਅਤੇ ਰੋਪੜ ਸ਼ਹਿਰ ਦੇ ਆਲੇ ਦੁਆਲੇ ਇਕ-ਇਕ ਕਰਕੇ ੧੦ ਪਿੰਡਾਂ ਵਿਚ ਹਫ਼ਤਾਵਾਰ (ਹਰ ਐਤਵਾਰ ਦੋ ਦੋ ਘੰਟਿਆਂ ਦੀਆਂ) ਧਾਰਮਿਕ ਕਲਾਸਾਂ ਲਗਣ ਲਗ ਪਈਆਂ। ਜਿਨ੍ਹਾਂ ਵਿਚ ਇਕ-ਇਕ ਦੋ-ਦੋ ਸੇਵਾਦਾਰ ਜਾ ਕੇ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਪੜ੍ਹਾਉਣ ਲੱਗ ਪਏ। ਉਨ੍ਹਾਂ ਦੀ ਹੌਸਲਾ ਅਫਜ਼ਾਈ ਲਈ ਯਥਾ-ਸ਼ਕਤ ਰੀਫਰਸ਼ਮੈਂਟ ਅਤੇ ਇਨਾਮ ਆਦਿ, ਨਾਲ ਦੀ ਨਾਲ ਦੇਂਦੇ ਰਹਿਣ ਅਤੇ ਉਨ੍ਹਾਂ ਦੀ ਪੱਧਰ ਅਨੁਸਾਰ ਸਾਖੀਆਂ, ਧਾਰਮਿਕ ਕਹਾਣੀਆਂ ਸੁਣਾਉਂਦੇ ਰਹਿਣ ਦੇ ਨਾਲ-ਨਾਲ ਸਿੱਖੀ ਜੀਵਨ ਜਾਚ ਬਾਰੇ ਦਰਸਾਏ ਗੁਰੂ ਉਪਦੇਸ਼ ਦੁਹਰਾਏ ਜਾਂਦੇ।

ਧਾਰਮਿਕ ਨਾਵਲ-ਕਾਮਿਕ (ਤਸਵੀਰਾਂ ਵਾਲੀਆਂ ਧਾਰਮਿਕ ਪੁਸਤਕਾਂ) ਅਤੇ ਹੋਰ ਸੌਖਾ ਸਰਲ-ਬੋਲੀ 'ਚ ਧਾਰਮਿਕ ਲਿਟ੍ਰੇਚਰ ਦੀਆਂ

ਮਿੰਨੀ ਲਾਇਬ੍ਰੇਰੀਆਂ ਕਾਇਮ ਹੋ ਗਈਆਂ ਅਤੇ ਥੋੜ੍ਹੇ ਸਮੇਂ ਵਿਚ ਜੋ ਪ੍ਰਸੰਸਾ ਯੋਗ ਤਬਦੀਲੀ ਉਨ੍ਹਾਂ ਬੱਚਿਆਂ ਵਿਚ ਆਈ ਉਹ ਉਨ੍ਹਾਂ ਦੇ ਮਾਪਿਆਂ ਅਤੇ ਹੋਰ ਪਿੰਡ ਵਾਸੀਆਂ ਨੇ ਮਹਿਸੂਸ ਕੀਤੀ ਕਿ ਕਿਸ ਤਰ੍ਹਾਂ ਇਹ ਬੱਚੇ ਰੋਜ਼ ਸਵੇਰੇ ਸੁਵੱਖਤੇ ਉਠ ਕੇ ਪਾਠ ਕਰਨ ਲੱਗ ਪਏ, ਕਕਾਰਾਂ ਦੀ ਰਹਿਤ ਧਾਰਨ ਕਰਨ ਦੇ ਨਾਲ-ਨਾਲ ਰੋਜ਼ ਗੁਰਦੁਆਰੇ ਜਾਣ ਦੀ ਆਦਤ ਅਤੇ ਚੰਗੀਆਂ ਧਾਰਮਿਕ ਤੇ ਇਤਿਹਾਸਕ ਪੁਸਤਕਾਂ ਪੜਨ-ਸੁਣਨ ਦੇ ਸ਼ੋਕੀਨ ਹੋ ਗਏ। ਕਈ ਪਤਿਤ ਬੱਚੇ ਮੁੜ ਕੇਸਾਧਾਰੀ ਹੋ ਕੇ ਬਾਣੀ ਪੜ੍ਹਨ ਲਗ ਪਏ ਅਤੇ ਰਹਿਤ ਰੱਖਣ ਲਗ ਪਏ। ਕਈਆਂ ਨੇ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਕਰਨਾ ਵੀ ਆਰੰਭ ਕਰ ਲਿਆ... ਆਦਿ।

ਸਮੇਂ ਦੇ ਚੱਕਰ ਨੇ ਹਾਲਾਤ ਨੂੰ ਭਾਵੇਂ ਬਦਲ ਦਿੱਤਾ ਅਤੇ ਉਹ ਹਫ਼ਤਾਵਰੀ ਕਲਾਸਾਂ ਦਾ ਸਿਲਸਿਲਾ ਖ਼ਤਮ ਹੋ ਗਿਆ ਪਰ ਇਹ ਗੱਲ ਦ੍ਰਿੜ ਹੋ ਗਈ ਕਿ ਡੂਲੇ ਬੇਰਾਂ ਦਾ ਹਾਲਾਂ ਵੀ ਕੁਝ ਨਹੀਂ ਗਿਆ। ਯਕੀਨ ਹੋ ਗਿਆ ਅਤੇ ਭਰੋਸਾ ਹੈ ਕਿ ਹੁਣ ਵੀ ਅਤੇ ਜਦ ਵੀ ਕੋਈ ਗੁਰੂ ਪਿਆਰਾ, ਧਰਮ ਪ੍ਰਚਾਰ ਦੀ ਨਿਸ਼ਕਾਮ ਭਾਵਨਾ ਵਾਲਾ, ਸੇਵਾ ਦੇ ਖਿਆਲ ਨਾਲ ਕੌਮ ਦੀ ਪਨੀਰੀ ਦੀ ਸੰਭਾਲ ਕਰਨ ਦਾ ਉਪਰਾਲਾ ਗੁਰੂ ਦਾ ਆਸਰਾ ਲੈ ਕੇ ਕਰਦਾ ਹੈ ਜਾਂ ਕਰੇਗਾ, ਗੁਰੂ ਮਹਾਰਾਜ ਸਫ਼ਲਤਾ ਬਖਸ਼ਦੇ ਹਨ ਅਤੇ ਬਖਸ਼ਣਗੇ। ਅਤੇ ਇਹ ਸੇਵਾ ਬਹੁਤ ਉਤਮ ਹੈ। ਧਰਮ ਪ੍ਰਚਾਰ ਦੀ ਰੁਚੀ ਰਖਣ ਵਾਲਾ ਕੋਈ ਵੀ ਸੱਜਣ ਆਪਣੇ ਪਿੰਡ,

ਆਪਣੇ ਗਲੀ-ਮੁਹੱਲੇ ਦੇ ਬੱਚਿਆਂ ਦੀ ਹਫ਼ਤਾਵਾਰੀ ਕਲਾਸ ਲਗਾ ਕੇ ਵੇਖ ਲਵੇ । (ਕਈ ਵਾਰ ਆਪਣੀ ਜਾਣ-ਪਛਾਣ ਵਾਲੀ ਥਾਂ ਨਾਲੋਂ ਥੋੜ੍ਹੀ ਦੂਰ ਥਾਂ ਜਾ ਕੇ ਕਲਾਸ ਲਗਾਉਣ ਦੀ ਸਫ਼ਲਤਾ ਛੇਤੀ ਅਤੇ ਜ਼ਿਆਦਾ ਹੁੰਦੀ ਹੈ । ਖੈਰ...।

## ਕੀ ਇਹ ਠੀਕ ਨਹੀਂ

ਐਸੇ ਹਾਲਾਤ ਵਿਚ ਕੀ ਇਹ ਠੀਕ ਨਹੀਂ ਕਿ ਅਸੀਂ ਤੁਸੀਂ ਗੁਰੂ ਕੇ ਸਿੱਖ ਅਖਵਾਉਣ ਵਾਲੇ ਆਪਣੇ ਗੁਰੂ ਪਾਤਸ਼ਾਹ ਦੀਆਂ ਸਾਡੇ ਪ੍ਰਤੀ ਕੀਤੀਆਂ ਕੁਰਬਾਨੀਆਂ ਨੂੰ ਥੋੜ੍ਹਾ ਜਿਹਾ ਧਿਆਨ ਵਿਚ ਰਖ ਕੇ ਜੇ ਆਪੋ ਆਪਣੀ ਥਾਂ ਨਵੇਕਲੇ ਤੌਰ ਤੇ ਵੀ ਅਤੇ ਮਿਲ ਕੇ ਵੀ, ਕੁਝ ਵੀਚਾਰੀਏ ਅਤੇ ਆਪਣੀ ਇਸ ਪਨੀਰੀ ਦੀ ਧਾਰਮਿਕ ਪੱਖੋਂ ਸੰਭਾਲ ਕਰਨ ਦਾ ਕੁਝ ਉਪਰਾਲਾ ਕਰੀਏ ? ਜਾਂ ਇਹ ਉਦਮ ਉਪਰਾਲਾ ਕਰਨ ਵਾਲਿਆਂ ਨੂੰ ਯੋਗ ਮਿਲਵਰਤਨ ਦੇਈਏ ?

ਸਾਡੀ ਕੌਮ ਵਿਚ, ਗੁਰੂ ਕਿਰਪਾ ਨਾਲ ਆਪਣੀ ਕਮਾਈ ਵਿਚੋਂ ਦਸਵੰਧ ਦੇਣ ਜਾਂ ਕੁਝ ਨ ਕੁਝ ਧਰਮ ਅਰਥ ਲਈ ਕਢਣ ਦੀ ਭਾਵਨਾ ਹਾਲਾਂ ਵੀ ਬੜੀ ਹੈ ਪਰ ਇਸ ਕਢੀ ਹੋਈ ਮਾਇਆ ਨੂੰ ਖਰਚਣ ਸਮੇਂ ਗੁਰੂ ਪਾਤਸ਼ਾਹ ਦੇ ਕਹੇ ਹੋਏ ਬਚਨ "ਅਕਲੀ ਕੀਚੈ ਦਾਨ" ਕਿਸੇ ਵਿਰਲੇ ਨੂੰ ਹੀ ਯਾਦ ਹੁੰਦੇ ਹਨ ।

ਯਾਦ ਹੀ ਨਹੀਂ ਸਗੋਂ ਧਰਮ ਅਰਥ ਕਢੀ ਮਾਇਆ ਖਰਚ ਕਰਨ ਸਮੇਂ ਇਹ ਵੀਚਾਰ ਕਿਸੇ ਵਿਰਲੇ ਹੀ ਗੁਰੂ ਪਿਆਰੇ ਨੂੰ ਆਉਂਦੀ

ਹੈ ਕਿ ਇਹ ਮਾਇਆ ਜਿਥੇ ਦੇਣ ਲੱਗੇ ਹਾਂ ਉਥੇ ਇਸ ਦੀ ਵਰਤੋਂ ਕਿਤਨੀ ਕੁ ਠੀਕ ਹੋਵੇਗੀ ਅਤੇ ਕਿਤਨਾ ਕੁ ਕੌਮ ਨੂੰ ਲਾਭ ਹੋਵੇਗਾ ? ਨਹੀਂ ਤਾਂ "ਦੇਖਾ ਦੇਖੀ ਸਭ ਕਰੈ ਮਨਮੁਖ ਬੂਝ ਨ ਪਾਇ" ਵਾਲੀ ਹੀ ਗੱਲ ਸਭ ਪਾਸੇ ਦਿਸਦੀ ਜਾਪਦੀ ਹੈ।

ਗੁਰੂ ਲੇਖੇ ਜਾਂ ਧਰਮ ਅਰਥ ਕਢੀ ਮਾਇਆ ਆਮ ਕਰ ਕੇ ਉਥੇ ਦਿੱਤੀ ਜਾਂਦੀ ਹੈ, ਉਥੇ ਖਰਚ ਕੀਤੀ ਜਾਂਦੀ ਹੈ ਜਿਥੇ ਦਿਖਾਵਾ ਹੋਵੇ, ਨਾਂ ਹੋਵੇ ਜਾਂ ਜਿਥੇ ਵਧ ਤੋਂ ਵਧ ਲੋਕੀ ਵੇਖ ਸੁਣ ਸਕਣ, ਲਾਭ ਚਾਹੇ ਹੋਵੇ ਜਾਂ ਨਾਂਹ ਹੋਵੇ। ਪਰ ਇਸ ਤਰ੍ਹਾਂ ਕਰਨਾ ਤਾਂ ਗੁਰ ਆਸ਼ੇ ਦੇ ਖਿਲਕੁਲ ਉਲਟ ਹੈ।

ਆਪਣੀ ਕੌਮ ਦੇ ਬੱਚਿਆਂ ਦੀ ਉਪਰ ਦਿੱਤੀ ਸੰਖੇਪ ਜਿਹੀ ਧਾਰਮਿਕ ਦਸ਼ਾ ਨੂੰ ਵੇਖ ਕੇ ਸਾਡਾ ਵੱਡਿਆਂ ਦਾ ਜ਼ਰੂਰੀ ਫਰਜ਼ ਬਣਦਾ ਹੈ ਕਿ ਧਾਰਮਿਕ ਪੱਖੋਂ ਇਨ੍ਹਾਂ ਦੀ ਅਵਸਥਾ ਨੂੰ, ਜਿਥੋਂ ਤੱਕ ਹੋ ਸਕੇ, ਵੱਧ ਤੋਂ ਵੱਧ ਉਚਾ ਚੁਕਿਆ ਜਾਏ। ਉਨ੍ਹਾਂ ਦੀ ਦੁਨਿਆਵੀ ਪੜ੍ਹਾਈ ਆਦਿ ਪੱਖੋਂ ਸੇਵਾ ਸੰਭਾਲ ਤਾਂ ਮਾਪੇ ਬਹੁਤੀ ਵਾਰ ਵਿਤੋਂ ਵੱਧ ਵੀ ਕਰਦੇ ਹਨ ਪਰ ਧਾਰਮਿਕ ਅਤੇ ਆਪਣੇ ਗੌਰਵਮਈ ਵਿਰਸੇ ਨਾਲ ਉਨ੍ਹਾਂ ਨੂੰ ਜੋੜਨ ਲਈ ਕੋਈ ਵਿਰਲਾ ਵਡਭਾਗੀ ਹੀ ਕਰਦਾ ਹੋਏਗਾ।

ਅਸੀਂ ਬਹੁਤ ਸਾਰੇ ਮਾਪੇ, 'ਸਿੱਖੀ ਦੀ ਸਹੀ ਤਸਵੀਰ' ਬੱਚਿਆਂ ਸਾਹਮਣੇ ਰੱਖਣ ਦੇ ਯੋਗ ਹੀ ਨਹੀਂ ਹੁੰਦੇ। ਜਾਂ ਸਾਡੇ ਕੋਲ ਇਸ ਕੰਮ ਲਈ ਸਮਾਂ ਹੀ ਨਹੀਂ ਹੁੰਦਾ। ਜਾਂ ਕੁਝ ਹੋਰ ਕਾਰਨ ਹਨ ਜਿਨ੍ਹਾਂ ਕਾਰਨਾਂ

ਕਰ ਕੇ ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਜਾਂ ਨਹੀਂ ਦਿੱਤਾ ਜਾ ਸਕਦਾ ਜਾਂ ਬੱਚੇ ਇਹ ਗੱਲਾਂ ਘਰ ਤੋਂ ਨਹੀਂ ਸਿੱਖਦੇ - ਪਰ ਹਫ਼ਤਾਵਾਰ ਦੋ ਘੰਟਿਆਂ ਲਈ ਜੇ ਗਲੀ ਅਤੇ ਮੁਹੱਲੇ ਵਿਚ ਧਾਰਮਿਕ ਕਲਾਸਾਂ ਲਗਾਉਣ ਦਾ ਅਜ਼ਮਾਇਆ ਹੋਇਆ ਤਰੀਕਾ ਜਾਰੀ ਕੀਤਾ ਜਾ ਸਕੇ ਤਾਂ ਵੀ ਇਹ ਸਾਡੇ ਬੱਚੇ ਧਾਰਮਿਕ ਪੱਖੋਂ ਬਹੁਤ ਕੁਝ ਸਿੱਖ ਸਕਦੇ ਹਨ। ਸਿਖਾਉਣ ਵਾਲਾ ਗੁਰੂ ਪਿਆਰਾ ਵੀਰ ਜਾਂ ਭੈਣ ਨਿਸ਼ਕਾਮ ਭਾਵਨਾ ਵਾਲਾ ਅਤੇ ਗੁਰਸਿੱਖ ਰਹਿਣੀ-ਬਹਿਣੀ ਵਾਲਾ ਜ਼ਰੂਰ ਹੋਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਬੱਚਿਆਂ ਦੀ ਉਮਰ ਅਤੇ ਲਿਆਕਤ ਅਨੁਸਾਰ ਲਿਟਰੇਚਰ ਖਰੀਦ ਕੇ ਹਰ ਮਹੀਨੇ ਘਰ ਵਿੱਚ ਜ਼ਰੂਰ ਰਖਿਆ ਜਾਏ।

ਹਰ ਮਹੀਨੇ ਇਕ ਦੋ ਧਾਰਮਿਕ ਮੈਗਜ਼ੀਨ (ਰਸਾਲੇ) ਲਗਾਤਾਰ ਮੰਗਵਾਉਣ ਨਾਲ ਬੱਚੇ ਅਤੇ ਘਰ ਦੇ ਹੋਰ ਜੀਅ ਜ਼ਰੂਰ ਕੁਝ ਨ ਕੁਝ ਵੇਖਣਗੇ ਤੇ ਪੜ੍ਹਨਗੇ ਵੀ। ਜਿਸ ਨਾਲ ਹੌਲੀ-ਹੌਲੀ ਉਨ੍ਹਾਂ ਦੀ ਰੁਚੀ ਵਿਚ ਫ਼ਰਕ ਪੈ ਸਕਦਾ ਹੈ ਅਤੇ ਪੈਂਦਾ ਹੈ।

ਗੁਰਪੁਰਬਾਂ ਉਤੇ, ਦਿਨ ਤਿਉਹਾਰਾਂ ਉਤੇ, ਬੱਚਿਆਂ ਦੇ ਜਨਮ ਦਿਨਾਂ ਉਤੇ ਜਾਂ ਹੋਰ ਖੁਸ਼ੀਆਂ ਦੇ ਮੌਕੇ ਉਤੇ ਆਪਣੇ ਬੱਚਿਆਂ, ਆਪਣੇ ਸਾਕ-ਸਨੇਹੀਆਂ ਅਤੇ ਹੋਰ ਗਲੀ ਮੁਹੱਲੇ ਦੇ ਬੱਚਿਆਂ ਨੂੰ, ਜੇ ਆਪਣੇ ਕੋਲੋਂ ਨਾਂਹ ਹੋ ਸਕੇ ਤਾਂ ਧਰਮ ਅਰਥ ਵਜੋਂ ਕੱਢੀ ਮਾਇਆ ਵਿਚੋਂ ਹੀ ਇਨ੍ਹਾਂ ਬੱਚਿਆਂ ਦੀ ਧਾਰਮਿਕ ਬਿਰਤੀ ਨੂੰ ਉਜਾਗਰ ਕਰਨ ਲਈ ਜਾਂ

ਉਨ੍ਹਾਂ ਦੀ ਧਾਰਮਿਕ ਰੁਚੀ ਹੋਰ ਉਤਸ਼ਾਹਿਤ ਕਰਨ ਲਈ ਇਹ ਕੁਝ ਕੀਤਾ ਜਾ ਸਕਦਾ ਹੈ ਜਿਸ ਨਾਲ ਮਾਇਆ ਸਫ਼ਲੀ ਹੋ ਸਕਦੀ ਹੈ ਜਿਵੇਂ :-

੧. ਸੁੰਦਰ-ਸ਼ੁੱਧ ਉਚਾਰਨ ਸੰਕੇਤਾਂ ਅਤੇ ਅਰਧ ਬਿਸਰਾਮ ਆਦਿ ਦੇ ਚਿਨ੍ਹਾਂ ਵਾਲੇ ਗੁਟਕੇ ਪਾਠ ਕਰਨ ਵਾਲਿਆਂ ਨੂੰ ਦੇਣੇ।

੨. ਨਿਤਨੇਮ ਦੇ ਸਟੀਕ (ਚੰਗੇ ਸੋਝੀਵਾਨ ਵਿਦਵਾਨਾਂ ਦੇ ਲਿਖੇ ਹੋਏ) ਫਰੀ ਜਾਂ ਬਹੁਤ ਥੋਹੜੇ ਮੁੱਲ ਦੇ ਯੋਗ ਹੱਥਾਂ ਵਿਚ ਦੇਣੇ।

੩. ਇਕ ਇਕ ਸਾਲ ਲਈ ਕੋਈ ਧਾਰਮਿਕ ਰਸਾਲਾ ਉਨ੍ਹਾਂ ਦੇ ਨਾਂ ਲਗਵਾ ਦੇਣਾ।

੪. ਧਾਰਮਿਕ ਨਾਵਲ, ਇਤਿਹਾਸਕ ਕਹਾਣੀਆਂ, ਸ਼ਹੀਦ ਸਿੰਘਾਂ ਅਤੇ ਸਿੰਘਣੀਆਂ ਦੀਆਂ ਵਾਰਤਾਵਾਂ ਅਤੇ ਧਾਰਮਿਕ ਕਾਮਿਕ (ਤਸਵੀਰਾਂ ਵਾਲੀਆਂ ਸਿਖ ਜੀਵਨੀਆਂ) ਦਿਨ ਤਿਉਹਾਰਾਂ ਜਾਂ ਗੁਰਪੁਰਬਾਂ ਸਮੇਂ ਵੰਡਣੀਆਂ।

੫. ਗਰੀਬ- ਲੋੜਵੰਦ ਬੱਚਿਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ ਯੋਗ ਸਹਾਇਤਾ ਆਦਿ ਦੇਣੀ - ਐਸੀਆਂ ਜ਼ਰੂਰੀ ਗੱਲਾਂ ਹਨ ਜਿਨ੍ਹਾਂ ਵੱਲ ਥੋੜ੍ਹਾ-ਥੋੜ੍ਹਾ ਧਿਆਨ ਦੇਣ ਨਾਲ ਬਹੁਤ ਕੁਝ ਅਤੇ ਠੋਸ ਕੰਮ ਹੋ ਸਕਦਾ ਹੈ।

੬. ਨਿਤਨੇਮ ਕਰਨ ਵਾਲੇ ਜਾਂ ਰਹਿਤ ਰੱਖਣ ਵਾਲੇ ਬੱਚਿਆਂ ਨੂੰ ਜਾਂ ਜ਼ਬਾਨੀ ਬਾਣੀ ਕੰਠ ਕਰਨ ਵਾਲਿਆਂ ਨੂੰ ਇਕ-ਇਕ ਸਾਲ ਜਾਂ ਦੋ-ਦੋ ਸਾਲ ਲਈ ਯੋਗ ਵਜ਼ੀਫੇ ਦੇ ਕੇ ਜਿਥੇ ਉਨ੍ਹਾਂ ਨੂੰ ਉਤਸ਼ਾਹਿਤ

ਕੀਤਾ ਜਾ ਸਕਦਾ ਹੈ ਉਥੇ ਇਹ ਤਰੀਕੇ ਹੋਰਨਾਂ ਬੱਚਿਆਂ ਨੂੰ ਵੀ ਪ੍ਰੇਰਤ ਕਰਨ ਦੇ ਸਾਧਨ ਬਣਦੇ ਹਨ।

ਸਭ ਤੋਂ ਵੱਡੀ ਜ਼ਰੂਰੀ ਗੱਲ ਇਹ ਹੈ ਕਿ ਜੇ ਅਸੀਂ ਆਪੋ-ਆਪਣੀ ਗਲੀ ਜਾਂ ਮੁਹੱਲੇ-ਕਾਲੋਨੀ ਜਾਂ ਪਿੰਡ ਵਿਚ ਹਰ ਐਤਵਾਰ ਬੱਚਿਆਂ ਦੀ ਧਾਰਮਿਕ ਕਲਾਸ ਲਗਾਉਣ ਦਾ ਜੇ ਉਪਰਾਲਾ ਕਰ ਸਕੀਏ ਤਾਂ ਇਹ ਬਹੁਤ ਵੱਡੀ ਸੇਵਾ ਹੋਵੇਗੀ। ਹਫ਼ਤੇ ਮਗਰੋਂ ਦੋ ਘੰਟੇ ਦਾ ਸਮਾਂ ਕੱਢ ਕਢਾ ਲੈਣ ਨ ਬੱਚਿਆਂ ਲਈ ਮੁਸ਼ਕਿਲ ਹੁੰਦਾ ਹੈ ਨ ਮਾਪਿਆਂ ਲਈ।

ਇਹ ਧਾਰਮਿਕ ਕਲਾਸ ਜੇ ਕੋਈ ਟੀਚਰ, ਚਾਹੇ ਰੀਟਾਇਰਡ ਹੀ ਹੋਵੇ, ਤਾਂ ਬਹੁਤ ਚੰਗੀ ਗੱਲ ਹੈ ਪਰ ਹੋਵੇ ਨਿਸ਼ਕਾਮ ਸੇਵਾ ਭਾਵ ਵਾਲਾ ਅੰਮ੍ਰਿਤਧਾਰੀ ਅਤੇ ਨਾਮ ਬਾਣੀ ਦਾ ਅਭਿਆਸੀ। ਟੀਚਰ ਤੋਂ ਇਲਾਵਾ ਹੋਰ ਵੀ ਰੁਚੀ ਰੱਖਣ ਵਾਲਾ ਇਹ ਮਹਾਨ ਸੇਵਾ ਦਾ ਕੰਮ ਕਰ ਸਕਦਾ ਹੈ।

ਦਸਵੰਧ ਜਾਂ ਧਰਮ ਅਰਥ ਲਈ ਮਾਇਆ ਕੱਢਣ ਵਾਲਿਆਂ ਪਾਸ ਅਪੀਲ ਹੈ ਕਿ ਉਹ ਗੁਰੂ ਲੇਖੇ ਕੱਢੀ ਮਾਇਆ ਨੂੰ ਖਰਚਣ ਸਮੇਂ ਕੌਮ ਦੀ ਪਨੀਰੀ ਨੂੰ ਧਾਰਮਿਕ ਪੱਖੋਂ ਉਚਾ ਚੁਕਣ ਲਈ ਜਿਥੇ ਹਰ ਮਹੀਨੇ ਜ਼ਰੂਰ ਕੁਝ ਖਰਚ ਕਰਨ ਉਥੇ ਪੰਥ ਦਰਦੀਆਂ ਨੂੰ ਵੀ ਬਿਨੈ ਹੈ ਕਿ ਬੱਚੇ ਜੋ ਕੌਮਾਂ ਦਾ ਸਾਂਝਾ ਸਰਮਾਇਆ ਹਨ, ਉਨ੍ਹਾਂ ਵਿਚ ਧਾਰਮਿਕ ਭਾਵਨਾ ਉਜਾਗਰ ਕਰਨ ਲਈ ਜਾਂ ਉਜਾਗਰ ਹੋਈ ਭਾਵਨਾ ਨੂੰ ਪ੍ਰਫੁਲੱਤ

ਕਰਨ ਅਤੇ ਦ੍ਰਿੜ ਕਰਨ ਕਰਾਉਣ ਲਈ ਯੋਗ ਉਪਰਾਲੇ ਥਾਂਓ ਥਾਈਂ ਜ਼ਰੂਰ ਕਰਨ।

ਗੁਰਮਤਿ ਪ੍ਰਚਾਰ ਸਭਾ ਪਹਿਲਾਂ ਰੋਪੜ ਅਤੇ ਹੁਣ ਪਟਿਆਲਾ ਗੁਰੂ ਕ੍ਰਿਪਾ ਨਾਲ ਕੁਝ ਕੁ ਧਰਮ ਪ੍ਰਚਾਰ ਦੀ ਰੁਚੀ ਰੱਖਣ ਵਾਲੇ ਨਿਸ਼ਕਾਮ ਸਨੇਹੀਆਂ ਦੀ ਮਿਲਵਰਤਨ ਨਾਲ ਪਿਛਲੇ ਕਈ ਸਾਲਾਂ ਤੋਂ ਸੋਖੀ ਅਤੇ ਸਭ ਦੀ ਸਮਝ ਵਿਚ ਆਉਣ ਵਾਲੀ ਬੋਲੀ 'ਚ ਸਿੱਖ ਧਰਮ ਦੇ ਮੁੱਢਲੇ ਸਿਧਾਂਤਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਵਿਸਥਾਰ ਸਹਿਤ ਛਪਵਾ ਕੇ ਫਰੀ ਵੰਡਣ ਵੰਡਾਉਣ ਦਾ ਉਪਰਲਾ ਗੁਰੂ ਕਿਰਪਾ ਨਾਲ ਜਿਥੇ ਕਰ ਰਹੀ ਹੈ, ਉਥੇ ਨਾਮ ਮਾਤਰ ਭੇਟਾ ਉਤੇ ਇਹ ਲਿਟਰੇਚਰ ਹਰ ਮਹੀਨੇ ਉਨ੍ਹਾਂ ਸਹਿਯੋਗੀਆਂ ਨੂੰ ਭੇਜਦੀ ਹੈ ਜੋ ਦੂਰ ਨੇੜੇ ਪਿੰਡਾਂ ਅਤੇ ਸ਼ਹਿਰਾਂ ਵਿਚ ਫ਼ਰੀ ਵੰਡਣ ਵੰਡਾਉਣ ਦੀ ਸੇਵਾ ਕਰਦੇ ਹਨ ਅਤੇ ਗੁਰੂ ਲੇਖੇ ਕਢੀ ਹੋਈ ਮਾਇਆ ਜਾਂ ਦਸਵੰਧ ਵਿਚੋਂ ਇਹ ਟ੍ਰੈਕਟ ਮੰਗਵਾਉਂਦੇ ਹਨ।

ਐਸੇ ਪ੍ਰੇਮੀਆਂ ਨੂੰ ਗੁਰ ਕਿਰਪਾ ਨਾਲ ਜਿਥੇ ''ਅਕਲੀ ਕੀਚੈ ਦਾਨ'' ਗੁਰਵਾਕ ਯਾਦ ਹੈ, ਉਥੇ ਬੱਚਿਆਂ ਅਤੇ ਕੌਮ ਵਿਚ ਆਈ ਧਾਰਮਿਕ ਗਿਰਾਵਟ ਦਾ ਅਹਿਸਾਸ ਵੀ ਹੈ। ਉਹ ਲਿਟ੍ਰੇਚਰ ਰਾਹੀਂ ਧਰਮ ਪ੍ਰਚਾਰ ਦੀ ਸੇਵਾ ਨੂੰ ਜਿਥੇ ਸਭ ਤੋਂ ਉਤਮ ਤੇ ਠੀਕ ਸਮਝਦੇ ਹਨ ਉਥੇ ਕੌਮ ਵਿਚ ਆਈ ਧਾਰਮਿਕ ਗਿਰਾਵਟ ਨੂੰ ਦੂਰ ਕਰਾਉਣ ਦਾ ਇਕ ਵਧੀਆਂ ਸੌਖਾ ਤੇ ਸਸਤਾ ਢੰਗ ਸਮਝ ਕੇ ਅਪਣਾਉਂਦੇ ਚਲੇ ਆ ਰਹੇ

(ਬਾਕੀ ਟਾਈਟਲ ਦੇ ਅੰਦਰਵਾਰ ਵੇਖੋ)